**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਗਗਨਦੀਪ ਸਿੰਘ ਜੰਜੂਆ(9780643243)
ਪਿੰਡ: ਤੁਰਾ ਡਾਕ: ਕੁੰਭ ਤਹਿ: ਅਮਲੋਹ,
ਜਿਲ੍ਹਾ: ਫਤਿਹਗੜ੍ਹ ਸਾਹਿਬ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਤਹਿਸੀਲਦਾਰ, ਬੰਗਾ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਉਪ ਮੰਡਲ ਮੈਜਿਸਟਰੇਟ, ਬੰਗਾ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ------ਉੱਤਰਦਾਤਾ

**ਅਪੀਲ ਕੇਸ ਨੰ:557 ਆਫ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਸ਼੍ਰੀ ਤਰਲੋਚਨ ਸਿੰਘ, ਸੀਨੀਅਰ ਸਹਾਇਕ (70092-16290) ਦਫ਼ਤਰ ਤਹਿਸੀਲਦਾਰ ਨਵਾਂ ਸ਼ਹਿਰ।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 09-10-2017 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਤਹਿਸੀਲਦਾਰ, ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਨੇ ਪਿੰਡ ਚੱਕ ਕਲਾਲ, ਤਹਿਸੀਲ ਨਵਾਂ ਸ਼ਹਿਰ ਦੀ ਧਰਮਸ਼ਾਲਾ ਸੁਰਜਨ ਸਿੰਘ ਵਾਲੀ ਵਾਕਿਆਂ ਨਾਲ ਸਬੰਧਤ 02 ਨੁਕਤਿਆਂ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 04-12-2017 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਪਹਿਲੀ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 06-02-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 22-03-2018 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ, ਮਿਤੀ 11-04-2018 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਤਰਲੋਚਨ ਸਿੰਘ, ਸੀਨੀਅਰ ਸਹਾਇਕ ਦਫ਼ਤਰ ਤਹਿਸੀਲਦਾਰ ਨਵਾਂ ਸ਼ਹਿਰ ਨੇ ਪੱਤਰ ਨੰ:153/ਟੀ.ਏ., ਮਿਤੀ 25-02-2019 ਪੇਸ਼ ਕਰਦੇ ਹੋਏ ਦੱਸਿਆ ਹੈ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਦੇ ਦਿੱਤੀ ਗਈ ਹੈ ਜਿਸ ਤੇ ਅਪੀਲਕਰਤਾ ਨੇ ਤਸੱਲੀ ਪ੍ਰਗਟ ਕੀਤੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਈ.ਮੇਲ. ਮਿਤੀ 26-02-2019 ਰਾਹੀਂ ਭੇਜੇ ਗਏ ਪੱਤਰ, ਮਿਤੀ 26-02-2019 ਅਨਸਾਰ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਸ ਨੂੰ ਸੂਚਨਾ ਮਿਲ ਗਈ ਹੈ ਅਤੇ ਕੇਸ ਬੰਦ ਕਰਨ ਲਈ ਬੇਨਤੀ ਕੀਤੀ ਗਈ ਹੈ। ਇਸ ਤੋਂ ਇਲਾਵਾ

ਚਲਦਾ---ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:557 ਆਫ 2018**

ਸ਼੍ਰੀ ਅਰਵਿੰਦ ਪ੍ਰਕਾਸ਼ ਵਰਮਾ, ਲੋਕ ਸੂਚਨਾ ਅਧਿਕਾਰੀ ਦਫ਼ਤਰ ਤਹਿਸੀਲਦਾਰ, ਨਵਾਂ ਸ਼ਹਿਰ ਨੇ ਕਮਿਸ਼ਨ ਵਲੋਂ ਮਿਤੀ 23-01-2019 ਨੂੰ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸ ਦਾ ਜਵਾਬ ਵੀ ਭੇਜਿਆ ਗਿਆ ਜੋ ਕਿ ਮਿਸਲ ਤੇ ਰੱਖ ਲਿਆ ਗਿਆ ਹੈ।

3. ਅਪੀਲਕਰਤਾ ਨੂੰ ਸੂਚਨਾ ਪ੍ਰਾਪਤ ਹੋ ਗਈ ਹੈ ਅਤੇ ਉਸ ਨੇ ਕੇਸ ਬੰਦ ਕਰਨ ਲਈ ਬੇਨਤੀ ਕੀਤੀ ਹੈ। ਸ਼੍ਰੀ ਅਰਵਿੰਦ ਪ੍ਰਕਾਸ਼ ਵਰਮਾ, ਲੋਕ ਸੂਚਨਾ ਅਧਿਕਾਰੀ ਦਫ਼ਤਰ ਤਹਿਸੀਲਦਾਰ, ਨਵਾਂ ਸ਼੍ਰੀ ਅਰਵਿੰਦ ਪ੍ਰਕਾਸ਼ ਵਰਮਾ, ਲੋਕ ਸੂਚਨਾ ਅਧਿਕਾਰੀ ਦਫ਼ਤਰ ਤਹਿਸੀਲਦਾਰ, ਨਵਾਂ ਸ਼ਹਿਰ ਵੱਲੋਂ ਕਮਿਸ਼ਨ ਦੇ ਕਾਰਨ ਦੱਸੋ ਨੋਟਿਸ ਮਿਤੀ 23-01-2019 ਸਬੰਧੀ ਭੇਜੇ ਗਏ ਜਵਾਬ ਨੂੰ ਕਮਿਸ਼ਨ ਵੱਲੋਂ ਘੋਖਣ ਉਪਰੰਤ ਤਸੱਲੀਬਖਸ਼ ਪਾਇਆ ਗਿਆ ਹੈ। ਇਸ ਕਰਕੇ ਸਬੰਧਤ ਅਧਿਕਾਰੀ ਨੂੰ ਮਿਤੀ 23-01-2019 ਨੂੰ ਜਾਰੀ ਕੀਤਾ ਗਿਆ **ਕਾਰਨ-ਦੱਸੋ ਨੋਟਿਸ ਖਾਰਜ** ਕੀਤਾ ਜਾਂਦਾ ਹੈ ਅਤੇ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 26 ਫਰਵਰੀ, 2019.**

**ਕਾਪੀ:-**

ਸ਼੍ਰੀ ਅਰਵਿੰਦ ਪ੍ਰਕਾਸ਼ ਵਰਮਾ,
ਲੋਕ ਸੂਚਨਾ ਅਧਿਕਾਰੀ,
ਦਫ਼ਤਰ ਤਹਿਸੀਲਦਾਰ, ਨਵਾਂ ਸ਼ਹਿਰ,

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਤਹਿਸੀਲਦਾਰ, ਨਵਾਂ ਸ਼ਹਿਰ,

ਨੂੰ ਤੁਰੰਤ ਲੋੜੀਂਦੀ ਕਾਰਵਾਈ ਹਿੱਤ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਗੁਰਸੇਵਕ ਸਿੰਘ, (98152-85150)
ਪੁੱਤਰ ਲੇਟ ਸ਼੍ਰੀ ਕਰਮ ਸਿੰਘ,
ਪਿੰਡ ਸੈਦਪੁਰਾ, ਡਾਕਖਾਨਾ ਭੜੀ,
ਤਹਿਸੀਲ ਖਮਾਣੋਂ,
ਜ਼ਿਲ੍ਹਾ ਫਤਿਹਗੜ੍ਹ ਸਾਹਿਬ। ........ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਰਜਿਸਟਰਾਰ,
ਪੰਜਾਬ ਮੈਡੀਕਲ ਕੌਂਸਿਲ,
ਮੈਡੀਕਲ ਸਿੱਖਿਆ ਭਵਨ,
ਸੈਕਟਰ-69, ਐਸ.ਏ.ਐਸ.ਨਗਰ,
(ਮੁਹਾਲੀ)-160062. ........ ਉੱਤਰਦਾਤਾ

**ਸ਼ਿਕਾਇਤ ਕੇਸ ਨੰ:932 ਆਫ਼ 2018**

**ਹਾਜ਼ਰ:-**
1) ਸ਼੍ਰੀ ਗੁਰਸੇਵਕ ਸਿੰਘ, ਸ਼ਿਕਾਇਤਕਰਤਾ।
2) ਉੱਤਰਦਾਤਾ, ਸ਼੍ਰੀ ਕੇ.ਡੀ. ਸਿੰਘ, ਰਜਿਸਟਰਾਰ-ਕਮ- ਲੋਕ ਸੂਚਨਾ ਅਧਿਕਾਰੀ (98761-48560) ਸ਼੍ਰੀ ਜੇ.ਐਸ. ਰੱਤੂ, ਐਡਵੋਕੇਟ (98145-11529) ਅਤੇ ਸ਼੍ਰੀਮਤੀ ਮੀਨਾਕਸ਼ੀ, ਸੀਨੀਅਰ ਸਹਾਇਕ (98880-66127)।

**ਹੁਕਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 16-03-2018, ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ, ਪੰਜਾਬ ਮੈਡੀਕਲ ਕੌਂਸਿਲ, ਐਸ.ਏ.ਐਸ.ਨਗਰ, ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਅਗਸਤ, 2014 ਤੋਂ 2018 (ਸੈਸ਼ਨ ਦੋਰਾਨ) ਤੱਕ ਸੰਜੀਵਨੀ ਕਾਲਿਜ ਆਫ ਨਰਸਿੰਗ, ਦਾਉਦਪੁਰ, ਖੰਨਾ, ਜ਼ਿਲ੍ਹਾ ਲੁਧਿਆਣਾ ਦੀ ਫੀਸ ਅਤੇ ਫੰਡਾਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 28-08-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਗਈ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 04-10-2018 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 01-11-2018 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਉੱਤਰਦਾਤਾ, ਸ਼੍ਰੀ ਕੇ.ਡੀ. ਸਿੰਘ, ਰਜਿਸਟਰਾਰ-ਕਮ-ਲੋਕ ਸੂਚਨਾ ਅਧਿਕਾਰੀ ਨੇ ਕਿਹਾ ਹੈ ਕਿ ਉਨ੍ਹਾਂ ਵੱਲੋਂ ਆਪਣੇ ਪੱਤਰ, ਮਿਤੀ 5-02-2019 ਰਾਹੀਂ ਸ਼ਿਕਾਇਤਕਰਤਾ ਨੂੰ ਸੂਚਿਤ ਕੀਤਾ ਜਾ ਚੱਕਾ ਹੈ ਉਸ ਵੱਲੋਂ ਮੰਗੀ ਗਈ ਸੂਚਨਾ ਉਨ੍ਹਾਂ ਕੋਲ ਨਹੀਂ ਹੈ ਅਤੇ ਉਹ ਸੂਚਨਾ ਸਬੰਧਤ ਕਾਲਿਜ ਕੋਲੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਉੱਤਰਦਾਤਾ, ਸ਼੍ਰੀ ਕੇ.ਡੀ. ਸਿੰਘ, ਰਜਿਸਟਰਾਰ-ਕਮ- ਲੋਕ ਸੂਚਨਾ ਅਧਿਕਾਰੀ ਨੇ ਕਮਿਸ਼ਨ ਵਿਖੇ ਪਹਿਲਾਂ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਹਲਫੀਆ-ਬਿਆਨ, ਮਿਤੀ 18-02-2019 ਰਾਹੀਂ ਆਪਣਾ ਸਪੱਸ਼ਟੀਕਰਣ ਪੇਸ਼ ਕਰਦੇ ਹੋਏ

ਚਲਦਾ---ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



ਬਿਨ੍ਹਾਂ ਸ਼ਰਤ ਮੁਆਫੀ ਮੰਗੀ ਹੈ ਅਤੇ ਭਰੋਸਾ ਦਿੱਤਾ ਹੈ ਕਿ ਭਵਿੱਖ ਵਿੱਚ ਅਜਿਹੀ ਅਣਗਹਿਲੀ ਨਹੀਂ ਹੋਵੇਗੀ। ਉਨ੍ਹਾਂ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਇਸ ਸਬੰਧੀ ਡੀਲਿੰਗ ਕਰਮਚਾਰੀ ਨੂੰ ਵੀ ਭਵਿੱਖ ਵਿੱਚ ਅਜਿਹੀ ਅਣਗਹਿਲੀ ਨਾ ਕਰਨ ਲਈ ਚਿਤਾਵਨੀ ਪੱਤਰ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ। ਸ਼ਿਕਾਇਤਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਹਾਜ਼ਰ ਉੱਤਰਦਾਤਾ ਵੱਲੋਂ ਉਸ ਨੂੰ ਅੱਜ ਸੂਚਿਤ ਕਰ ਦਿੱਤਾ ਗਿਆ ਹੈ।

3. ਕਮਿਸ਼ਨ ਵੱਲੋ ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਪਾਇਆ ਗਿਆ ਹੈ ਕਿ ਸ਼ਿਕਾਇਤਕਰਤਾ ਵੱਲੋਂ ਮਿਤੀ 16-03-2018 ਨੂੰ ਆਰ.ਟੀ.ਆਈ. ਅਰਜ਼ੀ ਦਾਇਰ ਕੀਤੀ ਗਈ ਸੀ ਪਰੰਤੂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋ ਉਸ ਨੂੰ ਲਗਭੱਗ 1 ਸਾਲ ਬਾਅਦ ਜਵਾਬ ਦਿੱਤਾ ਜਾ ਰਿਹਾ ਹੈ ਜਦੋਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਮੁਤਾਬਿਕ ਸ਼ਿਕਾਇਤਕਰਤਾ ਨੂੰ 30 ਦਿਨਾਂ ਤੇ ਅੰਦਰ-ਅੰਦਰ ਸੂਚਨਾ ਦੇਣੀ ਬਣਦੀ ਸੀ। ਇਸ ਤਰ੍ਹਾਂ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੀ ਘੋਰ ਉਲੰਘਣਾ ਕੀਤੀ ਗਈ ਹੈ, ਜਿਸ ਦੇ ਫਲਸਰੂਪ ਸ਼ਿਕਾਇਤਕਰਤਾ ਨੂੰ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਹਾਜ਼ਰ ਉੱਤਰਦਾਤਾ ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਹਦਾਇਤ ਕੀਤੀ ਗਈ ਹੈ ਕਿ ਸਰਕਾਰੀ ਖਜ਼ਾਨੇ ਵਿੱਚੋਂ ਮੁਆਵਜ਼ੇ ਵਜੋਂ 3000/-ਰੁਪਏ (ਕੇਵਲ ਤਿੰਨ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕੀਤੀ ਜਾਵੇ ਅਤੇ ਸਬੂਤ ਵਜੋਂ ਰਸੀਦ ਕਮਿਸ਼ਨ ਨੂੰ ਭੇਜੀ ਜਾਵੇ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਸਪੱਸ਼ਟੀਕਰਣ ਕਮਿਸ਼ਨ ਵੱਲੋਂ ਪ੍ਰਵਾਨ ਕੀਤਾ ਜਾਂਦਾ ਹੈ ਅਤੇ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 26 ਫਰਵਰੀ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਕਾਪੀ:-**

ਸ਼੍ਰੀ ਕੇ.ਡੀ. ਸਿੰਘ,
ਰਜਿਸਟਰਾਰ-ਕਮ-ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਿਲ,
ਮੈਡੀਕਲ ਸਿੱਖਿਆ ਭਵਨ,
ਸੈਕਟਰ-69, ਮੁਹਾਲੀ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਕੇਸ਼ ਪ੍ਰਕਾਸ਼,
ਕੇਸਰ ਐਡਵੋਕੇਟ ਸਟਰੀਟ,
ਨਿਊ ਕੋਰਟ ਰੋਡ,
ਮਾਨਸਾ। ------ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ
ਦਫ਼ਤਰ ਉਪ ਮੰਡਲ ਮੈਜਿਸਟਰੇਟ,
ਮਾਨਸਾ। ----ਉੱਤਰਦਾਤਾ

**ਸ਼ਿਕਾਇਤ ਕੇਸ ਨੰ:714 ਆਫ 2018**

**ਹਾਜ਼ਰ:-**

1) ਸ਼ਿਕਾਇਤਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ ਵਲੋ ਵੀ ਕੋਈ ਨਹੀਂ।

**ਹੁਕਮ:-**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ,2005 ਅਧੀਨ ਇਕ ਬਿਨੈ ਪੱਤਰ ਮਿਤੀ 12-4-2018, ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ, ਮਾਨਸਾ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਉਸ ਵੱਲੋਂ ਉਸ ਦੀ ਮਹੀਨਾ ਫਰਵਰੀ, 2018 ਦੀ ਰੋਕੀ ਗਈ ਤਨਖਾਹ ਨਾਲ ਸਬੰਧਤ 05 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 02-7-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਗਈ ਸੀ ਜਿਸ ਨੂੰ ਪੜਚੋਲਣ ਉਪਰੰਤ ਕਮਿਸ਼ਨ ਵੱਲੋਂ ਮਿਤੀ 10-08-2018 ਨੂੰ ਪਹਿਲੀ ਸੁਣਵਾਈ ਮਿਤੀ 04-09-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਦੋਵੇਂ ਧਿਰਾਂ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ।ਕਮਿਸ਼ਨ ਦੇ ਅੰਤ੍ਰਿਮ ਹੁਕਮ, ਮਿਤੀ 28-01-2019 ਰਾਹੀਂ ਸ਼ਿਕਾਇਤਕਰਤਾ ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਗਈ ਸੀ ਕਿ ਉੱਤਰਦਾਤਾ ਵੱਲੋਂ ਉਸ ਨੂੰ ਪੱਤਰ ਨੰ:616/ਆਰ.ਟੀ.ਆਈ. ਮਿਤੀ 31-10-2018 ਰਾਹੀਂ ਭੇਜੀ ਗਈ ਸੂਚਨਾ ਵਿੱਚ ਜੇਕਰ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ ਅਤੇ ਕਮਿਸ਼ਨ ਨੂੰ ਵੀ ਕਾਪੀ ਭੇਜੀ ਜਾਵੇ। ਪਰੰਤੂ ਸ਼ਿਕਾਇਤਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਸ਼ਿਕਾਇਤਕਰਤਾ ਉਸ ਨੂੰ ਪ੍ਰਾਪਤ ਹੋਈ ਸੂਚਨਾ ਤੋਂ ਸੰਤੁਸ਼ਟ ਹੈ ਅਤੇ ਉਹ ਇਸ ਕੇਸ ਦੀ ਪੈਰਵਾਈ ਵਿੱਚ ਕੋਈ ਦਿਲਚਸਪੀ ਨਹੀਂ ਰੱਖਦਾ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਸ਼ਿਕਾਇਤਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਸ਼ਿਕਾਇਤ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 26 ਫਰਵਰੀ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਕੇਸ਼ ਕੁਮਾਰ, (98788-27747 )
ਪੁੱਤਰ ਲੇਟ ਸ਼੍ਰੀ ਸੋਹਨ ਲਾਲ,
ਵਾਸੀ ਮਕਾਨ ਨੰ:1508,
ਨਾਲੀ ਮੁਹੱਲਾ, ਸੋਸ਼ਲ ਨਗਰ,
ਦੀਪਕ ਸਿਨੇਮਾ ਰੋਡ,
ਲੁਧਿਆਣਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਨਗਰ ਨਿਗਮ,
ਲਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਨਗਰ ਨਿਗਮ,
ਲਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 2910 ਆਫ 2018**

**ਹਾਜ਼ਰ:-** 1) ਅਪੀਲਕਰਤਾ ਵੱਲੋ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਕੋਈ ਨਹੀਂ।

**ਹਕਮ:**

ਪਿਛਲੀ ਪੇਸ਼ੀ, ਮਿਤੀ 28-01-2018 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਡਾਕਟਰ ਜ਼ਸਵੀਰ ਕੌਰ ਅਪੀਲਕਰਤਾ ਨੂੰ ਮੁਹੱਈਆ ਕੀਤੀ ਜਾਣ ਵਾਲੀ ਸੂਚਨਾ ਲੈ ਕੇ ਹਾਜ਼ਰ ਹੋਈ ਸੀ। ਅਪੀਲਕਰਤਾ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਉਸ ਵੱਲੋਂ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਸੀ। ਇਸ ਲਈ ਹਾਜ਼ਰ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਆਰ.ਟੀ.ਆਈ. ਐਕਟ, 2005 ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਰਜਿਸਟਰਡ ਡਾਕ ਰਾਹੀਂ ਭੇਜਦੇ ਹੋਏ ਕਮਿਸ਼ਨ ਨੂੰ ਵੀ ਸੂਚਿਤ ਕੀਤਾ ਜਾਵੇ ਅਤੇ ਪੇਸ਼ੀ ਤੇ ਹਾਜ਼ਰੀ ਵੀ ਯਕੀਨੀ ਬਣਾਈ ਜਾਵੇ। ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 26-02-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।

2. ਅੱਜ ਪੇਸ਼ੀ ਤੇ ਦੋਵੇਂ ਧਿਰਾਂ ਵਿੱਚੋ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਲਈ ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਆਖਰੀ ਮੌਕਾ ਦਿੱਤਾ ਜਾਂਦਾ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਮਿਸ਼ਨ ਦੇ ਹੁਕਮ, ਮਿਤੀ 28-01-2019 ਦੀ ਪਾਲਣਾ ਨਾ ਕਰਨ ਬਾਰੇ ਅਗਲੀ ਪੇਸ਼ੀ ਤੇ ਹਾਜ਼ਰ ਹੋ ਕੇ ਸਪੱਸ਼ਟੀਕਰਣ ਪੇਸ਼ ਕੀਤਾ ਜਾਵੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 02-04-2019 ਨੂੰ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 26 ਫਰਵਰੀ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਗੁਰਪਾਲ ਸਿੰਘ, (97818-00638)
ਮਕਾਨ ਨੰ:ਐਚ.ਐਲ.-638, ਫੇਸ-9,
ਮੁਹਾਲੀ। ----- ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪੰਜਾਬ ਨਰਸਿਜ ਰਜਿਸਟਰੇਸ਼ਨ ਕੌਂਸਿਲ,
ਮੈਡੀਕਲ ਸਿੱਖਿਆ ਭਵਨ, ਸੈਕਟਰ-69,
ਮੁਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪੰਜਾਬ ਨਰਸਿਜ ਰਜਿਸਟਰੇਸ਼ਨ ਕੌਂਸਿਲ,
ਮੈਡੀਕਲ ਸਿੱਖਿਆ ਭਵਨ, ਸੈਕਟਰ-69,
ਮੁਹਾਲੀ। -----ਉੱਤਰਦਾਤਾ

**ਅਪੀਲ ਕੇਸ ਨੰ:3136 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ, ਸ਼੍ਰੀ ਕੇ.ਡੀ. ਸਿੰਘ, ਰਜਿਸਟਰਾਰ-ਕਮ- ਲੋਕ ਸੂਚਨਾ ਅਧਿਕਾਰੀ (98761-48560) ਸ਼੍ਰੀ ਜੇ.ਐਸ. ਰੱਤੂ, ਐਡਵੋਕੇਟ (98145-11529) ਅਤੇ ਸ਼੍ਰੀਮਤੀ ਮੀਨਾਕਸ਼ੀ, ਸੀਨੀਅਰ ਸਹਾਇਕ (98880-66127)।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 19-03-2018, ਲੋਕ ਸੂਚਨਾ ਅਧਿਕਾਰੀ ਦਫਤਰ ਪੰਜਾਬ ਨਰਸਿਜ ਰਜਿਸਟਰੇਸ਼ਨ ਕੌਂਸਿਲ, ਮੈਡੀਕਲ ਸਿੱਖਿਆ ਭਵਨ, ਸੈਕਟਰ-69, ਮੁਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਪੰਜਾਬ ਨਰਸਿਜ ਰਜਿਸਟਰੇਸ਼ਨ ਕੌਂਸਿਲ ਦੇ ਦਰਜਾ-3 ਅਤੇ ਦਰਜਾ-4 ਵਿਰੁੱਧ ਪ੍ਰਾਪਤ ਹੋਈਆਂ ਸ਼ਿਕਾਇਤਾਂ ਨਾਲ ਸਬੰਧਤ 03 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 08-06-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 14-09-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 16-10-2018 ਨੂੰ ਪਹਿਲੀ ਸੁਣਵਾਈ ਮਿਤੀ 14-11-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਉੱਤਰਦਾਤਾ, ਸ਼੍ਰੀ ਕੇ.ਡੀ. ਸਿੰਘ, ਰਜਿਸਟਰਾਰ-ਕਮ-ਲੋਕ ਸੂਚਨਾ ਅਧਿਕਾਰੀ ਨੇ ਪੱਤਰ ਨੰ:355, ਮਿਤੀ 21-11-2018 ਪੇਸ਼ ਕਰਦੇ ਹੋਏ ਕਿਹਾ ਹੈ ਕਿ ਉਨ੍ਹਾਂ ਵੱਲੋਂ ਅਪੀਲਕਰਤਾ ਨੂੰ ਸੂਚਿਤ ਕੀਤਾ ਜਾ ਚੱਕਾ ਹੈ ਕਿ ਉਹ ਮੰਗੀ ਗਈ ਸੂਚਨਾ ਜੋ ਕਿ ਕਰਮਚਾਰੀਆਂ ਵਿਰੁੱਧ ਸ਼ਿਕਾਇਤਾਂ ਹਨ, ਬਾਰੇ ਕਿਸੇ ਕੰਮ-ਕਾਜ ਵਾਲੇ ਦਿਨ ਉਨ੍ਹਾਂ ਦੇ ਦਫਤਰ ਜਾ ਕੇ ਵੇਖ ਸਕਦਾ ਹੈ। ਹਾਜ਼ਰ ਉੱਤਰਦਾਤਾ ਵਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਜਵਾਬ ਕਮਿਸ਼ਨ ਵੱਲੋਂ ਤਸੱਲੀਬਖ਼ਸ ਪਾਇਆ ਗਿਆ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 26 ਫਰਵਰੀ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜਿੰਦਰ ਕੁਮਾਰ, (98889-79250)
ਪੁੱਤਰ ਸ਼ੀ ਮੇਹਰ ਚੰਦ,
ਵਾਰਡ ਨੰ:2, ਸੁਪਰੀਮ ਐਨਕਲੇਵ,
ਨੇੜੇ ਵਿਸ਼ਵਕਰਮਾ ਭਵਨ,
ਲਿੰਕ ਰੋਡ, ਮਾਨਸਾ-151505. -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਬਠਿੰਡਾ। -----ਉੱਤਰਦਾਤਾ

**ਅਪੀਲ ਕੇਸ ਨੰ:3415 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗਿਆਨ ਚੰਦ, ਕਲਰਕ (94633-73583) ਦਫ਼ਤਰ ਕਾਰਜ ਸਾਧਕ ਅਫਸਰ, ਨਗਰ ਕੌਂਸਿਲ, ਮਾਨਸਾ।

**ਹਕਮ:**

ਪਿਛਲੀ ਪੇਸ਼ੀ ਮਿਤੀ, 28-01-2019 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗਿਆਨ ਚੰਦ, ਕਲਰਕ, ਅਪੀਲਕਰਤਾ ਨੂੰ ਮੁਹੱਈਆ ਕੀਤੀ ਜਾਣ ਵਾਲੀ ਸੂਚਨਾ ਲੈ ਕੇ ਹਾਜ਼ਰ ਹੋਇਆ ਸੀ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤੀ ਗਈ ਸੂਚਨਾ ਨੂੰ ਵਾਚਣ ਤੇ ਇਹ ਪਾਇਆ ਗਿਆ ਸੀ ਕਿ ਉਸ ਵੱਲੋਂ ਅਪੀਲਕਰਤਾ ਦੇ 3 ਅਪੀਲ ਕੇਸਾਂ, ਨੰ:3415, 3418 ਅਤੇ 3419 ਨਾਲ ਸਬੰਧਤ ਸੂਚਨਾ ਇਕੱਠੀ ਹੀ ਪੇਸ਼ ਕੀਤੀ ਗਈ ਸੀ ਜ਼ੋ ਕਿ ਵਾਜਿਬ ਨਹੀਂ ਸੀ। ਇਸ ਲਈ ਹਾਜ਼ਰ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਹਰੇਕ ਕੇਸ ਨਾਲ ਸਬੰਧਤ ਵੱਖਰੀ-ਵੱਖਰੀ ਸੂਚਨਾ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਭੇਜ ਕੇ ਸੂਚਨਾ ਭੇਜਣ ਵਾਲੇ ਕਵਰਿੰਗ ਪੱਤਰ ਸਮੇਤ ਪੋਸਟਲ ਰਸੀਦ, ਦੀ ਕਾਪੀ ਪੇਸ਼ੀ ਦੀ ਅਗਲੀ ਮਿਤੀ ਤੇ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 26-02-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗਿਆਨ ਚੰਦ, ਕਲਰਕ ਨੇ ਪੱਤਰ ਨੰ:538, ਮਿਤੀ 25-02-2019 ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਕਮਿਸ਼ਨ ਦੇ ਹੁਕਮਾਂ ਮੁਤਾਬਿਕ ਰਜਿਸਟਰਡ ਡਾਕ ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਅਪੀਲਕਰਤਾ ਅੱਜ ਫਿਰ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਫਿਰ ਵੀ ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾਆਖਰੀ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 25-03-2019 ਨੂੰ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 26 ਫਰਵਰੀ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜਿੰਦਰ ਕੁਮਾਰ, (98889-79250)
ਪੁੱਤਰ ਸ਼ੀ ਮੇਹਰ ਚੰਦ,
ਵਾਰਡ ਨੰ:2, ਸੁਪਰੀਮ ਐਨਕਲੇਵ,
ਨੇੜੇ ਵਿਸ਼ਵਕਰਮਾ ਭਵਨ,
ਲਿੰਕ ਰੋਡ, ਮਾਨਸਾ-151505. -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਬਠਿੰਡਾ। ------ਉੱਤਰਦਾਤਾ

**ਅਪੀਲ ਕੇਸ ਨੰ: 3418 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗਿਆਨ ਚੰਦ, ਕਲਰਕ (94633-73583) ਦਫ਼ਤਰ ਕਾਰਜ ਸਾਧਕ ਅਫਸਰ, ਨਗਰ ਕੌਂਸਿਲ, ਮਾਨਸਾ।

**ਹਕਮ:**

ਪਿਛਲੀ ਪੇਸ਼ੀ ਮਿਤੀ, 28-01-2019 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗਿਆਨ ਚੰਦ, ਕਲਰਕ, ਅਪੀਲਕਰਤਾ ਨੂੰ ਮੁਹੱਈਆ ਕੀਤੀ ਜਾਣ ਵਾਲੀ ਸੂਚਨਾ ਲੈ ਕੇ ਹਾਜ਼ਰ ਹੋਇਆ ਸੀ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤੀ ਗਈ ਸੂਚਨਾ ਨੂੰ ਵਾਚਣ ਤੇ ਇਹ ਪਾਇਆ ਗਿਆ ਸੀ ਕਿ ਉਸ ਵੱਲੋਂ ਅਪੀਲਕਰਤਾ ਦੇ 3 ਅਪੀਲ ਕੇਸਾਂ, ਨੰ:3415, 3418 ਅਤੇ 3419 ਨਾਲ ਸਬੰਧਤ ਸੂਚਨਾ ਇਕੱਠੀ ਹੀ ਪੇਸ਼ ਕੀਤੀ ਗਈ ਸੀ ਜ਼ੋ ਕਿ ਵਾਜਿਬ ਨਹੀਂ ਸੀ। ਇਸ ਲਈ ਹਾਜ਼ਰ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਹਰੇਕ ਕੇਸ ਨਾਲ ਸਬੰਧਤ ਵੱਖਰੀ-ਵੱਖਰੀ ਸੂਚਨਾ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਭੇਜ ਕੇ ਸੂਚਨਾ ਭੇਜਣ ਵਾਲੇ ਕਵਰਿੰਗ ਪੱਤਰ ਸਮੇਤ ਪੋਸਟਲ ਰਸੀਦ, ਦੀ ਕਾਪੀ ਪੇਸ਼ੀ ਦੀ ਅਗਲੀ ਮਿਤੀ ਤੇ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 26-02-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗਿਆਨ ਚੰਦ, ਕਲਰਕ ਨੇ ਪੱਤਰ ਨੰ:540, ਮਿਤੀ 25-02-2019 ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਕਮਿਸ਼ਨ ਦੇ ਹੁਕਮਾਂ ਮੁਤਾਬਿਕ ਰਜਿਸਟਰਡ ਡਾਕ ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਅਪੀਲਕਰਤਾ ਅੱਜ ਫਿਰ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਫਿਰ ਵੀ ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾਆਖਰੀ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 25-03-2019 ਨੂੰ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 26 ਫਰਵਰੀ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਾਜਿੰਦਰ ਕੁਮਾਰ, (98889-79250)
ਪੁੱਤਰ ਸ਼ੀ ਮੇਹਰ ਚੰਦ,
ਵਾਰਡ ਨੰ:2, ਸੁਪਰੀਮ ਐਨਕਲੇਵ,
ਨੇੜੇ ਵਿਸ਼ਵਕਰਮਾ ਭਵਨ,
ਲਿੰਕ ਰੋਡ, ਮਾਨਸਾ-151505. -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਬਠਿੰਡਾ। ------ਉੱਤਰਦਾਤਾ

**ਅਪੀਲ ਕੇਸ ਨੰ:3419 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਗਿਆਨ ਚੰਦ, ਕਲਰਕ (94633-73583) ਦਫ਼ਤਰ ਕਾਰਜ ਸਾਧਕ ਅਫਸਰ, ਨਗਰ ਕੌਂਸਿਲ, ਮਾਨਸਾ।

**ਹਕਮ:**

ਪਿਛਲੀ ਪੇਸ਼ੀ ਮਿਤੀ, 28-01-2019 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗਿਆਨ ਚੰਦ, ਕਲਰਕ, ਅਪੀਲਕਰਤਾ ਨੂੰ ਮੁਹੱਈਆ ਕੀਤੀ ਜਾਣ ਵਾਲੀ ਸੂਚਨਾ ਲੈ ਕੇ ਹਾਜ਼ਰ ਹੋਇਆ ਸੀ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤੀ ਗਈ ਸੂਚਨਾ ਨੂੰ ਵਾਚਣ ਤੇ ਇਹ ਪਾਇਆ ਗਿਆ ਸੀ ਕਿ ਉਸ ਵੱਲੋਂ ਅਪੀਲਕਰਤਾ ਦੇ 3 ਅਪੀਲ ਕੇਸਾਂ, ਨੰ:3415, 3418 ਅਤੇ 3419 ਨਾਲ ਸਬੰਧਤ ਸੂਚਨਾ ਇਕੱਠੀ ਹੀ ਪੇਸ਼ ਕੀਤੀ ਗਈ ਸੀ ਜ਼ੋ ਕਿ ਵਾਜਿਬ ਨਹੀਂ ਸੀ। ਇਸ ਲਈ ਹਾਜ਼ਰ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਹਰੇਕ ਕੇਸ ਨਾਲ ਸਬੰਧਤ ਵੱਖਰੀ-ਵੱਖਰੀ ਸੂਚਨਾ ਅਪੀਲਕਰਤਾ ਨੂੰ ਰਜਿਸਟਰਡ ਡਾਕ ਰਾਹੀਂ ਭੇਜ ਕੇ ਸੂਚਨਾ ਭੇਜਣ ਵਾਲੇ ਕਵਰਿੰਗ ਪੱਤਰ ਸਮੇਤ ਪੋਸਟਲ ਰਸੀਦ, ਦੀ ਕਾਪੀ ਪੇਸ਼ੀ ਦੀ ਅਗਲੀ ਮਿਤੀ ਤੇ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਮਿਤੀ 26-02-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਗਿਆਨ ਚੰਦ, ਕਲਰਕ ਨੇ ਪੱਤਰ ਨੰ:542, ਮਿਤੀ 25-02-2019 ਪੇਸ਼ ਕਰਦੇ ਹੋਏ ਕਿਹਾ ਹੈ ਕਿ ਅਪੀਲਕਰਤਾ ਨੂੰ ਕਮਿਸ਼ਨ ਦੇ ਹੁਕਮਾਂ ਮੁਤਾਬਿਕ ਰਜਿਸਟਰਡ ਡਾਕ ਰਾਹੀਂ ਸੂਚਨਾ ਭੇਜੀ ਜਾ ਚੁੱਕੀ ਹੈ।ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਅਪੀਲਕਰਤਾ ਅੱਜ ਫਿਰ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਸ ਵਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਫਿਰ ਵੀ ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾਆਖਰੀ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 25-03-2019 ਨੂੰ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਮਿਤੀ: ਚੰਡੀਗੜ੍ਹ, 26 ਫਰਵਰੀ, 2019. ਰਾਜ ਸੂਚਨਾ ਕਮਿਸ਼ਨਰ, ਪੰਜਾਬ।।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਡਾਕਟਰ ਕੇ.ਕੇ. ਜਿੰਦਲ, (94172-87581)
ਪੁੱਤਰ ਸ਼੍ਰੀ ਤੇਜ ਰਾਮ ਜਿੰਦਲ,
#13843, ਨੇੜੇ ਰੈਂਡ ਕਰਾਸ ਭਵਨ ,
ਗਨੇਸ਼ਾ ਬਸਤੀ, ਬਠਿੰਡਾ-151001. -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਉਪ ਮੰਡਲ ਮੈਜਿਸਟਰੇਟ,
ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਉਪ ਮੰਡਲ ਮੈਜਿਸਟਰੇਟ,
ਮਾਨਸਾ। ------ਉੱਤਰਦਾਤਾ

**ਅਪੀਲ ਕੇਸ ਨੰ:3780 ਆਫ਼ 2018**

**ਹਾਜ਼ਰ:-**

1) ਡਾਕਟਰ ਕੇ.ਕੇ. ਜਿੰਦਲ, ਅਪੀਲਕਰਤਾ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹੁਕਮ:**

ਅੱਜ ਪੇਸ਼ੀ ਸਮੇਂ ਅਪੀਲਕਰਤਾ ਨੇ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉਤਰਦਾਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ. ਰਾਹੀਂ ਭੇਜੇ ਗਏ ਪੱਤਰ, ਮਿਤੀ 26-02-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ।ਉਨ੍ਹਾਂ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਅਪੀਲਕਰਤਾ ਨੂੰ ਸੂਚਨਾ ਜਲਦੀ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 01-04-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 26 ਫਰਵਰੀ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਗੁਰਦੀਪ ਸਿੰਘ,
ਪੁੱਤਰ ਸ਼੍ਰੀ ਕਰਤਾਰ ਸਿੰਘ,
ਵਾਸੀ ਪਿੰਡ ਨਰਾਇਣਪੁਰਾ,
ਤਹਿਸੀਲ ਅਬੋਹਰ,
ਜ਼ਿਲ੍ਹਾ ਫਾਜ਼ਿਲਕਾ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਬਲਾਕ ਅਬੋਹਰ, ਜ਼ਿਲ੍ਹਾ ਫਾਜ਼ਿਲਕਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,
ਫਾਜ਼ਿਲਕਾ। ....... ਉੱਤਰਦਾਤਾ

**ਅਪੀਲ ਕੇਸ ਨੰ:4025 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਸਵਰਨ ਸਿੰਘ, ਵੀ.ਡੀ.ਓ.(Village Development Officer) (97797-39008)

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-06-2018, ਲੋਕ ਸੂਚਨਾ ਅਧਿਕਾਰੀ ਦਫਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,ਬਲਾਕ ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਪਿੰਡ ਨਰਾਇਣਪੁਰਾ, ਤਹਿਸੀਲ ਅਬੋਹਰ ਵਿੱਚ ਜੁਲਾਈ 2013 ਤੋਂ ਮਿਤੀ 28-02-2018 ਤੱਕ ਆਏ ਪੰਚਾਇਤ ਫੰਡ/ਗਰਾਂਟਾ ਨਾਲ ਸਬੰਧਤ 3 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 22-11-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 27-12-2018 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਮਿਤੀ 29-01-2019 ਨੂੰ ਸਵੇਰੇ 11:30 ਵਜੇ ਪਹਿਲੀ ਸੁਣਵਾਈ ਲਈ ਨਿਸਚਿਤ ਕੀਤਾ ਗਿਆ ਸੀ।

2. ਪਿਛਲੀ ਪੇਸ਼ੀ, ਮਿਤੀ 29-01-2019 ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋ ਹਾਜ਼ਰ ਸ਼੍ਰੀ ਸਵਰਨ ਸਿੰਘ, ਵੀ.ਡੀ.ਓ.(Village Development Officer) ਨੇ ਪੱਤਰ ਨੰ:230, ਮਿਤੀ 24-01-2018 ਦੀ ਕਾਪੀ ਪੇਸ਼ ਕਰਦੇ ਹੋਏ ਦੱਸਿਆ ਸੀ ਕਿ ਉਨ੍ਹਾਂ ਵੱਲੋਂ ਪੱਤਰ ਨੰ:4394, ਮਿਤੀ 26-10-2018 ਰਾਹੀਂ ਰਜਿਸਟਰਡ ਡਾਕ ਦੁਆਰਾ ਅਪੀਲਕਰਤਾ ਨੂੰ ਪਹਿਲਾਂ ਹੀ ਸੂਚਨਾ ਭੇਜੀ ਜਾ ਚੁੱਕੀ ਹੈ।ਅਪੀਲਕਰਤਾ ਹਾਜ਼ਰ ਨਹੀਂ ਹੋਇਆ ਸੀ ਪਰੰਤੂ ਉਸ ਵੱਲੋਂ ਪੇਸ਼ੀ ਤੇ ਹਾਜ਼ਰ ਨਾ ਹੋਣ ਬਾਰੇ ਈ.ਮੇਲ, ਮਿਤੀ 28-01-2019 ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਸੀ। ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 26-02-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਫਿਰ ਪੇਸ਼ੀ ਤੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋ ਹਾਜ਼ਰ ਸ਼੍ਰੀ ਸਵਰਨ ਸਿੰਘ,

ਚਲਦਾ---ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:**4025 **ਆਫ਼** 2018

ਵੀ.ਡੀ.ਓ.(Village Development Officer) ਨੇ ਦੱਸਿਆ ਹੈ ਕਿ ਅਪੀਲਕਰਤਾ ਵੱਲੋਂ ਉਸ ਨੂੰ ਭੇਜੀ ਗਈ ਸੂਚਨਾ ਵਿੱਚ ਪਾਈ ਗਈ ਕਿਸੇ ਤਰੁੱਟੀ ਬਾਰੇ ਸੂਚਿਤ ਨਹੀਂ ਕੀਤਾ ਗਿਆ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਇੱਕ ਈ.ਮੇਲ ਭੇਜੀ ਗਈ ਹੈ ਜ਼ੋ ਕਿ ਬਿਲਕੁੱਲ ਵੀ ਸਪੱਸ਼ਟ ਨਹੀਂ ਹੈ। ਅਪੀਲਕਰਤਾ ਵੱਲੋਂ ਪ੍ਰਾਪਤ ਹੋਈ ਸੂਚਨਾ ਵਿੱਚ ਪਾਈ ਗਈ ਕਿਸੇ ਤਰੁੱਟੀ ਬਾਰੇ ਉੱਤਰਤਦਾਤਾ ਜਾਂ ਕਮਿਸ਼ਨ ਨੂੰ ਸੂਚਿਤ ਨਾ ਕਰਨਾ ਇਹ ਜ਼ਾਹਿਰ ਕਰਦਾ ਹੈ ਕਿ ਅਪੀਲਕਰਤਾ ਪ੍ਰਾਪਤ ਸੂਚਨਾ ਤੋਂ ਸੰਤੁਸ਼ਟ ਹੈ ਅਤੇ ਉਹ ਇਸ ਕੇਸ ਦੀ ਹੋਰ ਪੈਰਵਾਈ ਵਿੱਚ ਕੋਈ ਦਿਲਚਸਪੀ ਨਹੀ ਰੱਖਦਾ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 26 **ਫਰਵਰੀ,** 2019.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਵਿਵੇਕ ਗੁਪਤਾ, ਐਡਵੋਕੇਟ, (99146-80222)
ਫਲੈਟ ਨੰ:103, ਗਿਲਕੋ ਵੈਲੀ,
ਸੈਕਟਰ 127, ਖਰੜ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਇੰਨਚਾਰਜ, ਆਰ.ਟੀ.ਆਈ.,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਪੰਜਾਬੀ ਯੂਨੀਵਰਸਿਟੀ,
ਪਟਿਆਲਾ। .........ਉੱਤਰਦਾਤਾ

**ਅਪੀਲ ਕੇਸ ਨੰ:4032 ਆਫ਼ 2018**

**ਹਾਜ਼ਰ:-**

1) ਸ਼੍ਰੀ ਵਿਵੇਕ ਗੁਪਤਾ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਭਗਵੰਤਪਾਲ ਸਿੰਘ ਵਿਰਕ, ਐਡਵੋਕੇਟ (94172-00112)।

**ਹੁਕਮ:**

ਪਿਛਲੀ ਪੇਸ਼ੀ, ਮਿਤੀ 23-01-2019 ਤੇ ਤੇ ਹਾਜ਼ਰ ਉੱਤਰਦਾਤਾ ਨੇ ਅਪੀਲਕਰਤਾ ਦੇ ਨੁਮਾਇੰਦੇ ਸ਼੍ਰੀ ਸੁਖਪਾਲ ਸਿੰਘ, ਮੁਨਸ਼ੀ ਨੂੰ ਸੂਚਨਾ ਦਸਤੀ ਦੇ ਦਿੱਤੀ ਸੀ। ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਦੀ ਪੂਰਤੀ ਹੋ ਸਕੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਮਿਤੀ 26-02-2019 ਨੂੰ ਸਵੇਰੇ 11-30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਭਗਵੰਤਪਾਲ ਸਿੰਘ ਵਿਰਕ, ਐਡਵੋਕੇਟ ਨੇ ਪੱਤਰ, ਮਿਤੀ 25-02-2019 ਪੇਸ਼ ਕਰਦੇ ਹੋਏ ਦੱਸਿਆ ਹੈ ਕਿ ਕਮਿਸ਼ਨ ਦੇ ਹੁਕਮ, ਮਿਤੀ 23-01-2019 ਅਨੁਸਾਰ ਅਪੀਲਕਰਤਾ ਵੱਲੋਂ ਦੱਸੀਆਂ ਗਈਆਂ ਤਰੁੱਟੀਆਂ ਬਾਰੇ ਸੂਚਨਾ ਮੁਹੱਈਆ ਕਰਵਾਈ ਜਾ ਚੁੱਕੀ ਹੈ ਅਤੇ ਇਸ ਤੋ ਇਲਾਵਾ ਉਨ੍ਹਾਂ ਕੋਲ ਹੋਰ ਸੂਚਨਾ ਉਪਲਬਧ ਨਹੀਂ ਹੈ। ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹਲਫੀਆ-ਬਿਆਨ ਪੇਸ਼ ਕੀਤਾ ਜਾਵੇ ਕਿ ਉਨ੍ਹਾਂ ਵੱਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਇਲਾਵਾ ਉਨ੍ਹਾਂ ਦੇ ਰਿਕਾਰਡ ਵਿੱਚ ਹੋਰ ਸੂਚਨਾ ਉਪਲਬਧ ਨਹੀਂ ਹੈ। ਹਲਫੀਆ ਬਿਆਨ ਦੀ ਤਸਦੀਕ-ਸ਼ੁਦਾ ਕਾਪੀ ਅਪੀਲਕਰਤਾ ਨੂੰ ਵੀ ਦਿੱਤੀ ਜਾਵੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 02-04-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 26 ਫਰਵਰੀ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਰਮਨਦੀਪ ਸਿੰਘ ਆਹਲੂਵਾਲੀਆ, (94175-94553)
ਵਾਰਡ ਨੰ:18, ਗਲੀ ਨੰ:2,
ਕਰਤਾਰ ਨਗਰ, ਅਮਲੋਹ ਰੋਡ,
ਖੰਨਾ-141401,
ਜ਼ਿਲ੍ਹਾ ਲੁਧਿਆਣਾ।                                                                    ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤ਼ਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਮੰਡੀ ਗੋਬਿੰਦਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫਤ਼ਰ ਰਿਜਨਲ ਡਿਪਟੀਡਾਇਰੈਕਟਰ(ਸ਼ਹਿਰੀ),
ਸਥਾਨਕ ਸਰਕਾਰ, ਲੁਧਿਆਣਾ।                                                              ------ਉੱਤਰਦਾਤਾ

**ਅਪੀਲ ਕੇਸ ਨੰ: 4063 ਆਫ 2018**

**ਹਾਜ਼ਰ:-**
1) ਸ਼੍ਰੀ ਰਮਨਦੀਪ ਸਿੰਘ ਆਹਲੂਵਾਲੀਆ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਕੁਲਜਿੰਦਰ ਸਿੰਘ, ਜੂਨੀਅਰ ਇੰਜੀਨੀਅਰ (80540-51202)।

**ਹਕਮ:**

ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਨੇ ਕਿਹਾ ਹੈ ਕਿ ਕਮਿਸ਼ਨ ਦੇ ਹਕਮ, ਮਿਤੀ 29-01-2019 ਅਨੁਸਾਰ ਉਸ ਨੂੰ ਤਕਨੀਕੀ ਵਿਭਾਗ ਦੇ ਕੰਪਿਊਟਰ ਦੀ ਇੰਸਪੈਕਸ਼ਨ ਨਹੀਂ ਕਰਵਾਈ ਗਈ ਜਦੋ ਕਿ ਉਸ ਵੱਲੋਂ ਵਾਰ-ਵਾਰ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਟੈਲੀਫੂਨ ਰਾਹੀਂ ਬੇਨਤੀ ਕੀਤੀ ਜਾ ਚੁੱਕੀ ਹੈ।ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਕੁਲਜਿੰਦਰ ਸਿੰਘ, ਜੂਨੀਅਰ ਇੰਜੀਨੀਅਰ ਨੇ ਕਿਹਾ ਹੈ ਕਿ ਸਟਾਫ ਲੋਕ ਸਭਾ ਚੋਣਾਂ ਦੇ ਕੰਮ ਵਿੱਚ ਰੁੱਝਿਆ ਹੋਇਆ ਹੋਣ ਕਾਰਨ ਇੰਸਪੈਕਸ਼ਨ ਨਹੀਂ ਕਰਵਾਈ ਜਾ ਸਕੀ। ਇਸ ਲਈ ਉਸ ਵੱਲੋਂ ਅਪੀਲਕਰਤਾ ਨੂੰ ਜਲਦੀ ਇੰਸਪੈਕਸ਼ਨ ਕਰਾਉਣ ਦਾ ਭਰੋਸਾ ਦਿੰਦੇ ਹੋਏ ਕੁਝ ਸਮੇਂ ਦੀ ਮੰਗ ਕੀਤੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਗਲੀ ਪੇਸ਼ੀ ਤੋਂ ਪਹਿਲਾਂ-ਪਹਿਲਾਂ ਕਮਿਸ਼ਨ ਦੇ ਹਕਮ, ਮਿਤੀ 29-01-2019 ਦੀ ਪਾਲਣਾ ਯਕੀਨੀ ਬਣਾਈ ਜਾਵੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 07-03-2019 ਨੂੰ 11.30 ਵਜੇ ਲਈ ਨਿਸਚਿਤ ਕੀਤਾ ਜਾਂਦਾ ਹੈ।**

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।।**

**ਮਿਤੀ: ਚੰਡੀਗੜ੍ਹ, 26 ਫਰਵਰੀ, 2019.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਵਿਪਨ ਗਰੋਵਰ (ਜਰਨਲਿਸਟ), (98770-86735)
ਪਿੰਡ ਫਤਿਹਗੜ੍ਹ ਪੰਜਤੂਰ,
ਮੋਗਾ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਧਰਮਕੋਟ ਐਟ ਕੋਟ ਈਸੇ ਖਾਂ,
ਮੋਗਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,
ਮੋਗਾ। ....... ਉੱਤਰਦਾਤਾ

**ਅਪੀਲ ਕੇਸ ਨੰ:4064 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਜ਼ਸਕਰਨ ਸਿੰਘ, ਆਰ.ਟੀ.ਆਈ. ਇੰਨਚਾਰਜ ਅਤੇ (94784-61056) ਅਤੇ ਸ਼੍ਰੀ ਪਰਮਿੰਦਰ ਸਿੰਘ ਪੰਚਾਇਤ ਸਕੱਤਰ(98765-79902)।

**ਹਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਜ਼ਸਕਰਨ ਸਿੰਘ, ਆਰ.ਟੀ.ਆਈ. ਇੰਨਚਾਰਜ ਅਪੀਲਕਰਤਾ ਨੂੰ ਦਿੱਤੀ ਜਾਣ ਵਾਲੀ ਸੂਚਨਾ ਲੈ ਕੇ ਆਇਆ ਹੈ ਪਰੰਤੂ ਉਸ ਵੱਲੋਂ ਪੇਸ਼ ਕੀਤੀ ਗਈ ਸੂਚਨਾ ਨੂੰ ਵਾਚਣ ਤੇ ਇਹ ਪਾਇਆ ਗਿਆ ਹੈ ਕਿ ਇਹ ਸੂਚਨਾ ਕਮਿਸ਼ਨ ਤੇ ਹੁਕਮ, ਮਿਤੀ 30-01-2019 ਦੀ ਭਾਵਨਾ ਅਨੁਸਾਰ ਨਹੀਂ ਹੈ ਅਤੇ ਨਾ ਹੀ ਇਸ ਤੇ ਕੋਈ ਕਵਰਿੰਗ ਪੱਤਰ ਹੀ ਲਗਾਇਆ ਗਿਆ ਹੈ ਜਿਸ ਤੋਂ ਇਹ ਪਤਾ ਚੱਲ ਸਕੇ ਕਿ ਇਹ ਸੂਚਨਾ ਕਿਸ ਨੂੰ ਭੇਜੀ ਜਾਣੀ ਹੈ।ਹਾਜ਼ਰ ਉੱਤਰਦਾਤਾ ਨੂੰ ਇਸ ਬਾਰੇ ਸਮਝਾ ਦਿੱਤਾ ਗਿਆ ਹੈ।ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕਮਿਸ਼ਨ ਤੇ ਹੁਕਮ, ਮਿਤੀ 30-01-2019 ਅਨੁਸਾਰ ਬਾਕਾਇਦਾ ਕਵਰਿੰਗ ਪੱਤਰ ਲਗਾ ਕੇ ਸੂਚਨਾ ਪੇਸ਼ ਕੀਤੀ ਜਾਵੇ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 06-03-2019 ਨੂੰ ਸਵੇਰੇ 11-30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ, ਚੰਡੀਗੜ੍ਹ, 26 ਫਰਵਰੀ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਵਿਪਨ ਗਰੋਵਰ (ਜਰਨਲਿਸਟ), (98770-86735)
ਪਿੰਡ ਫਤਿਹਗੜ੍ਹ ਪੰਜਤੂਰ,
ਮੋਗਾ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਬਲਾਕ ਵਿਕਾਸ ਤੇ ਪੰਚਾਇਤ ਅਫਸਰ,
ਮੱਖੂ,ਜ਼ਿਲ੍ਹਾ ਫਿਰੋਜ਼ਪੁਰ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ,
ਫਿਰੋਜ਼ਪੁਰ। ....... ਉੱਤਰਦਾਤਾ

**ਅਪੀਲ ਕੇਸ ਨੰ:4066 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ ਵੱਲੋਂ ਕੋਈ ਵੀ ਨਹੀਂ।

**ਹਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਵੱਲੋਂ ਪੇਸ਼ੀ ਲਈ ਅਗਲੀ ਮਿਤੀ ਦੀ ਮੰਗ ਕੀਤੀ ਗਈ ਹੈ।

2. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਲਗਾਤਾਰ ਦੋ ਪੇਸ਼ੀਆਂ ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਕੋਈ ਸੂਚਨਾ ਹੀ ਭੇਜੀ ਗਈ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਪਿਛਲੀਆਂ ਪੇਸ਼ੀਆਂ ਤੇ ਗੈਰਹਾਜ਼ਰ ਰਹਿਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਅਗਲੇਰੀ ਇਕਤਰਫਾ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਇਸ ਹਦਾਇਤ ਦੇ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ 01-04-2019 ਨੂੰ ਸਵੇਰੇ 11-30 ਵਜੇ ਲਈ** ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 26 ਫਰਵਰੀ, 2019.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਡਾਕਟਰ ਕੇ.ਕੇ. ਜਿੰਦਲ, (94172-87581)
ਪੁੱਤਰ ਸ਼੍ਰੀ ਤੇਜ ਰਾਮ ਜਿੰਦਲ,
#13843, ਨੇੜੇ ਰੈੱਡ ਕਰਾਸ ਭਵਨ,
ਗਨੇਸ਼ਾ ਬਸਤੀ,
ਬਠਿੰਡਾ-151001. -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਸੀਨੀਅਰ ਕਪਤਾਨ, ਪੁਲਿਸ,
ਮਾਨਸਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ,
ਬਠਿੰਡਾ ਰੇਂਜ ਬਠਿੰਡਾ ------ਉੱਤਰਦਾਤਾ

**ਅਪੀਲ ਕੇਸ ਨੰ: 4112 ਆਫ਼ 2018**

**ਹਾਜ਼ਰ:-**

1) ਡਾਕਟਰ ਕੇ.ਕੇ. ਜਿੰਦਲ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਅੰਗਰੇਜ਼ ਸਿੰਘ, ਏ.ਐਸ.ਆਈ. (85588-00171)।

**ਹੁਕਮ:**

ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਅੰਗਰੇਜ਼ ਸਿੰਘ, ਏ.ਐਸ.ਆਈ. ਅਪੀਲਕਰਤਾ ਨੂੰ ਦਿੱਤੀ ਜਾਣ ਵਾਲੀ ਸੂਚਨਾ ਲੈ ਕੇ ਆਇਆ ਹੈ ਜਿਹੜੀ ਕਿ ਕਮਿਸ਼ਨ ਵਲੋਂ ਵਾਚਣ ਉਪਰੰਤ ਪੂਰੀ ਤਰ੍ਹਾਂ ਤਸੱਲੀਬਖਸ਼ ਪਾਈ ਗਈ ਹੈ। ਪਰੰਤੂ ਇਹ ਕੇਸ ਇਸ ਕਰਕੇ ਦਾਖਲ ਦਫ਼ਤਰ ਨਹੀਂ ਕੀਤਾ ਜਾ ਰਿਹਾ ਕਿਉਂਕਿ ਅਪੀਲਕਰਤਾ ਨੇ ਦੱਸਿਆ ਹੈ ਕਿ ਉਸ ਨੇ ਇਸ ਕੇਸ ਦੀ ਸੁਣਵਾਈ ਇਸ ਬੈਂਚ ਕੋਲੋਂ ਨਾ ਕਰਾਉਣ ਲਈ ਮਾਨਯੋਗ ਮੁੱਖ ਸੂਚਨਾ ਕਮਿਸ਼ਨਰ, ਪੰਜਾਬ ਜੀ ਨੂੰ ਇੱਕ ਪ੍ਰਤੀਬੇਨਤੀ ਪੇਸ਼ ਕੀਤੀ ਹੋਈ ਹੈ ਜ਼ੋ ਕਿ ਅਜੇ ਕਾਰਵਾਈ ਅਧੀਨ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 01-04-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 26 ਫਰਵਰੀ, 2019.**